**ਸਿੰਗਾਪੁਰ ਖਾਲਸਾ ਐਸ਼ੋਸੀਏਸਨ**

ਸਮੂਹ ਜੀਵਨ ਅਤੇ ਆਮ ਮੈਂਬਰਾਂ ਲਈ

ਪ੍ਰਿਯਾ ਮੈਂਬਰ ਸਾਹਿਬਾਨ

**ਉਚੇਚੀ ਜਨਰਲ ਇੱਕਤਰਤਾ**

ਸੂਚਿਤ ਹੋਵੇ ਕਿ **ਐਸ਼ੋਸੀਏਸਨ ਦੀ** ਉਚੇਚੀ ਜਨਰਲ ਇੱਕਤਰਤਾ **ਸਿੰਗਾਪੁਰ ਖਾਲਸਾ ਐਸ਼ੋਸੀਏਸਨ ਦੇ ਅਸਥਾਨ, ੨੭ ਜੁਲਾਈ ੨੦੧੩ ਸ਼ਾਮ ਦੇ ੪ ਵਜੇ ਦੂਸਰੀ ਮੰਜ਼ਲ ਵਿੱਖੇ ਹੋਵੇਗੀ। ਪ੍ਰਬੰਧਕ ਕਮੇਟੀ ਨੇ ਇਹ** ਉਚੇਚੀ ਜਨਰਲ ਇੱਕਤਰਤਾ ਹੇਠ ਮਿਥੇ ਵਿਸ਼ੇਸ ਪ੍ਰਸਤਾਵਾਂ ਨੂੰ ਪਰਵਾਨ ਕਰਵਾਉਣ ਲਈ ਬੁਲਾਈ ਹੈ।

<u>**ਏਜੰਡਾ**</u>

1. ਇਹ ਵਿਸ਼ੇਸ ਪ੍ਰਸਤਾਵਾਂ ਨੂੰ ਵਿਚਾਰਨਾ ਅਤੇ ਉਚਿੱਤ ਸਮਝਣ ਪਰ ਇਹ ਪ੍ਰਸਤਾਵਾਂ ਨੂੰ ਪ੍ਰਵਾਨ ਕਰਨਾ:-

**1.1** ਨੰਬਰ ੨ ਟੈਸਨਸਨ ਰੋਡ, ਸਿੰਗਾਪੁਰ ੨੧੭੬੪੬ ਵਿਖੇ **ਸਿੰਗਾਪੁਰ ਖਾਲਸਾ ਐਸ਼ੋਸੀਏਸਨ ਦੀ ਬਿਲਿਡੰਗ ਦੇ ਨਵੀਨਕਰਣ ਅਤੇ ਮੁਰੰਮਤੀ, ਜੁ ਅੰਤਿਕਾ ੳ ਅਨੁਸਾਰ ਹੋਵੇਗੀ, ਲਈ ਸਿਰਫ਼ $੫,000,000. ਤੱਕ ਖ਼ਰਚਣ ਦੀ ਪ੍ਰਵਾਨਗੀ ਦੇਣੀ।**

**1.2** ਉਪ੍ਰੋਕਤ ਪ੍ਰਸਤਾਵ ਪ੍ਰਵਾਨ ਹੋਣ ਪਰ **ਸਿੰਗਾਪੁਰ ਖਾਲਸਾ ਐਸ਼ੋਸੀਏਸਨ ਦੀ ਬਿਲਿਡੰਗ ਦੇ ਨਵੀਨਕਰਣ ਅਤੇ ਮੁਰੰਮਤੀ ਲਈ ਬਿਲਡਿੰਗ ਕਮੇਟੀ ਸਥਾਪਿਤ ਕਰਨੀ ਅਤੇ ਇਸ ਲਈ ਪ੍ਰਬੰਧਕ ਕਮੇਟੀ ਨੂੰ ਸੱਤ ਮੈਂਬਰ ਨਿਯੁਕਤ ਕਰਨ ਦਾ ਅਧਿਕਾਰ ਦਿੱਤਾ ਜਾਂਦਾਂ ਹੈ। ਇਸ ਸੱਤ ਮੈਂਬਰੀ ਕਮੇਟੀ ਦੇ ਸਦਸ ਪ੍ਰਬੰਧਕ ਕਮੇਟੀ ਦੇ ਮੈਂਬਰ, ਐਸ਼ੋਸੀਏਸਨ ਦੇ ਟ੍ਰਸਟੀ ਅਤੇ ਨਵੀਨਕਰਣ ਅਤੇ ਮੁਰੰਮਤੀ ਦੇ ਮਾਹਰ ਹੋਣਗੇ।ਪ੍ਰਬੰਧਕ ਕਮੇਟੀ ਬਿਲਿਡੰਗ ਦੇ ਨਵੀਨਕਰਣ ਅਤੇ ਮੁਰੰਮਤੀ ਲਈ ਪੂਰੀ ਜ਼ੁੰਮਵਾਰੀ ਹੋਵੇਗੀ।ਪ੍ਰਬੰਧਕ ਕਮੇਟੀ ਨੂੰ ਬਿਲਿਡੰਗ ਕਮੇਟੀ ਲਈ ਵਿਚਾਰ ਗੋਚਰੇ ਮਸਲੇ ਤਹਿ ਕਰਨ ਦਾ ਅਧਿਕਾਰ ਹੋਵੇਗਾ।**

**1.3 ਠੇਕੇਦਾਰਾਂ, ਆਰਕੀਟੈਕਟਾਂ, ਇੰਜੀਨੀਅਰਾਂ ਅਤੇ ਹੋਰ ਲੋੜੀਂਦੇ ਵਿਯੁਕਤੀਆਂ/ਕੰਪਨੀਆਂ ਨਾਲ ਸਿੰਗਾਪੁਰ ਖਾਲਸਾ ਐਸ਼ੋਸੀਏਸਨ ਦੀ ਬਿਲਿਡੰਗ ਦੇ ਨਵੀਨਕਰਣ ਅਤੇ ਮੁਰੰਮਤੀ ਲਈ ਸਿੰਗਾਪੁਰ ਖਾਲਸਾ ਐਸ਼ੋਸੀਏਸਨ ਦੀ ਪ੍ਰਬੰਧਕ ਕਮੇਟੀ ਨੂੰ ਵਿਚਾਰ ਕਰਨ ਅਤੇ ਠੇਕੇ ਦੇਣ ਦੀ ਮੰਜ਼ੂਰੀ ਦੇਣੀ।**

**1.4 ਬਿਲਿਡੰਗ ਦੀ ਨਵੀਨਕਰਣ ਅਤੇ ਮੁਰੰਮਤੀ ਦੀ ਪੂਰਤੀ ਲਈ ਪ੍ਰਬੰਧਕ ਕਮੇਟੀ ਨੂੰ ਹਰ ਲੋੜੀਂਦੇ ਕੰਮ, ਦਿੱਤੇ ਠੇਕੇ ਅਤੇ ਅਨੈਕਸ ਏ ਨੂੰ ਤਬਦੀਲ ਕਰਨ ਅਤੇ ਬਿਲਿਡੰਗ ਕਮੇਟੀ ਦੀ ਖਾਲੀ ਅਸਾਮੀ ਲਈ ਮੈਂਬਰ ਨਿਯੁਕਤ ਕਰਨ ਦਾ ਅਧਿਕਾਰ ਪ੍ਰਵਾਨ ਕੀਤਾ ਜਾਵੇ।**



................................

ਮਨਮਿੰਦਰ ਸਿੰਘ

ਜਨਰਲ ਸਕੱਤਰ

ਲਈ ਅਤੇ ਤਰਫੋਂ **ਪ੍ਰਬੰਧਕ ਕਮੇਟੀ**

**ਸਿੰਗਾਪੁਰ ਖਾਲਸਾ ਐਸ਼ੋਸੀਏਸਨ।**

**ਮਿਤੀ ੧੨ ਜੁਲਾਈ ੨੦੧੩.**

ਨੋਟ:

ਅਨੈਕਸ ਏ – **ਸਿੰਗਾਪੁਰ ਖਾਲਸਾ ਐਸ਼ੋਸੀਏਸਨ ਦੀ ਬਿਲਿਡੰਗ ਦੀ ਨਵੀਨਕਰਣ ਅਤੇ ਮੁਰੰਮਤੀ ਦੇ ਵਿਸਥਾਰ ਅਤੇ ਪਲੈਨ ਸਾਥ ਅੰਕਿਤ ਹਨ।**

**ਮਹੱਤਵਪੂਰਨ ਨੋਟ:**

- **ਰਜਿਸਟਰੇਸ਼ਨ ਲਈ ਮੈਂਬਰਸਿਪ ਕਾਰਡ ਜਾਂ ਆਈਸੀ ਲਿਆਉਣਾ ਜੀ।**
- **ਜਲਪਾਨ ੩.੩0 ਵਜੇ ਤੋਂ ਛਕਾਇਆ ਜਾਵੇਗਾ।**

ਅਨੈਕਸ ਏ

**ਸਿੰਗਾਪੁਰ ਖਾਲਸਾ ਐਸ਼ੋਸੀਏਸਨ ਦੀ ਮੋਜੂਦਾ ਬਿਲਿਡੰਗ ੨ ਟੈਸਨਸਨ ਰੋਡ ਦੀਆਂ ਤਜ਼ਵੀਜੀ ਤਬਦੀਲੀਆਂ ਅਤੇ ਸੁਧਾਰ।**

**<u>ਜਨਰਲ</u>**

**੧. ਬਿਲਿਡੰਗ ਨੂੰ ਜ਼ਿਆਦਾ ਆਕਰਸ਼ਿਕ ਕਰਨ ਲਈ ਉਸ ਦੇ ਬਾਹਰਲੇ ਮੱਥੇ ਅਤੇ ਵਾੜ ਦੇ ਢਾਂਚੇ ਨੂੰ ਬਦਲਣਾ।**

**੨. ਪ੍ਰਵੇਸ਼ ਲੌਬੀ (ਦਲਾਨ) ਅਤੇ ਲਿਫ਼ਟਾਂ ਦੇ ਲੌਬੀਆਂ ਨੂੰ ਸੁਧਾਰਨਾ।**

੩. ਸਮੂਹ ਟਾਇਲਟਾਂ ਨੂੰ ਬਿਹਤਰ ਬਣਾਉਣਾ।

੪. ਮੋਜੂਦਾ ਕਾਨੂੰਨੀ ਨਿਯੁਮਾਂ ਅਨੁਸਾਰ ਸਮੂਹ ਅਗਨ ਤੋਂ ਬੱਚਣ ਯੰਤਰਾਂ ਅਤੇ **ਲੌਬੀਆਂ ਨੂੰ ਸੁਧਾਰਨਾ।**

**੫. ਦੋ ਨਵੀਆਂ ਲਿਫ਼ਟਾਂ  (ਇੱਕ ਸਵਾਰੀਆਂ ਲਈ ਅਤੇ ਦੂਸਰੀ ਸਰਵਿਸ ਲਿਫ਼ਟ) ਲਾਈਆਂ ਜਾਣਗੀਆਂ।**

**੬. ਮੌਜੂਦਾ ਐੱਮ ਐਂਡ ਈ  ਦੀ ਸੇਵਾਵਾਂ ਦਾ ਸੁਧਾਰਨ।**

**<u>ਲੈਵਲ ੧</u>**

੭. ਫ਼ਿਟਨਸ ਸੈਂਟਰ, ਕੈਫ਼ੀਟੇਰਆ, ਸਪੋਰਟਸ ਸ਼ਾਪ ਅਤੇ ਫ਼ਾਂਕਸ਼ਨ ਰੂਮ ਹੋਵੇਗੀ ਅਤੇ ਨਵਾਂ ਢਾਂਚੇ ਦਾ ਪ੍ਰਬੰਧਕੀ ਦਫ਼ਤਰ।

੮. ਪਹਿਲੀ ਛੱਤ ਦੇ ਪਿਛਲੇ ਹਿੱਸੇ ਖੁਲੀ ਜਗਾ ਵਿਖੇ ਬਚਿਆਂ ਲਈ ਖੇਡ ਮੈਦਾਨ।

੯. ਰਸੋਈ ਚੁੱਕ ਦਿੱਤੀ ਜਾਵੇਗੀ।

੧0. ਟਾਇਲਟਾਂ ਨੂੰ ਸੁਧਾਰਿਆ ਅਤੇ ਉਹਨਾਂ ਦਾ ਸਥਾਨ ਬਦਲਿਆ ਜਾਵੇਗਾ।

**<u>ਲੈਵਲ ੨</u>**

੧੧. ਦੁਸਰੀ ਛੱਤ ਦੇ ਫ਼ਾਂਕਸ਼ਨ ਹਾਲ ਦੇ ਰਕਬੇ ਨੂੰ ਵਧਾਉਣ ਲਈ ਉਸ ਦੇ ਪਿੱਛਲੇ ਅਤੇ ਮੂਰਲੇ ਹਿੱਸੇ ਨੂੰ ਵਧਾਇਆ ਜਾਵੇਗਾ ਸਵਾਰੀਆਂ ਤਾਰਨ ਲਈ ਛੱਤੀ ਜਗਾ ਦਾ ਲੈਵਲ ੧ ਤੇ ਹੋਵੇਗੀ।

**<u>ਲੈਵਲ ੩</u>**

੧੨. ਰਸੋਈ ਤੀਜੀ ਛੱਤ ਵਿਖੇ ਹੋਵੇਗੀ ਅਤੇ ਇੱਸ ਲਈ ਵੱਖਰੀ ਲਿਫ਼ਟ ਹੋਵੇਗੀ।

੧੩. ਤੀਜੀ ਛੱਤ ਵਿਖੇ ਬੈਠਣ ਦਾ ਰਕਬਾ ਵਧਾਇਆ ਜਾਵੇਗਾ।

**<u>ਲੈਵਲ ੪</u>**

੧੪. ਚੌਥੀ ਛੱਤ ਵਿਖੇ  ਨਵੇਂ ਬੋਰਡ ਰੂਮ, ਸਭਿਆਚਾਰਕ ਸਰਗਰਮੀਆਂ, ਲੇਡਜ਼ਿ ਵਿੰਗ ਅਤੇ ਸਪੋਰਟਸ ਸੈਕਸਨ ਦਾ ਪ੍ਰਬੰਧ ਹੋਵੇਗਾ।

**<u>ਲੈਵਲ ੫</u>**

੧੫. ਪੰਜਵੀ ਮੰਜ਼ਲ ਦੀ ਛੱਤ ੫ ਮੀਟਰ ਉਚੀ ਕੀਤੀ ਜਾਵੇਗੀ ਅਤੇ ਇੱਕ ਨਵਾਂ ਸੁੰਗੜਯੋਗ ਸੀਟਾਂ ਵਾਲਾ ਫ਼ਾਂਕਸ਼ਨ ਹਾਲ ਹੋਵੇਗਾ।

੧੬. ਜ਼ਿਆਦਾ ਟਾਇਲਟਾਂ ਦਾ ਪ੍ਰਬੰਧ ਕੀਤਾ ਜਾਵੇਗਾ।

**<u>ਲੈਵਲ ੬</u>**

੧੭. ਮੌਜ਼ੂਦਾ ਛੇਵੀਂ ਮੰਜ਼ਲ ਦੀ ਛੱਤ ਬਦਲੀ ਜਾਵੇਗੀ ਅਤੇ ਨਵੀਂ ਰੂਫ ਟੈਰਿਸ ਅਤੇ ਨੇਟਬਾਲ ਦਾ ਮੈਦਾਨ ਹੋਵੇਗਾ।